# 7

# ਨਵਾਂ ਨੇਮ-ਇਕ ਨਵਾਂ ਅਤੇ ਉੱਤਮ ਰਾਹ

## (ਇਬਰਾਨੀਆਂ 8:6, 7)

ਨਵਾਂ ਨੇਮ ਜੇ ਸਿਰਫ਼ ਪੁਰਾਣੇ ਨੇਮ ਦੀ ਹੀ ਬਦਲਵਾਂ ਰੂਪ ਹੈ ਤਾਂ ਫਿਰ ਇਹ ਦਿੱਤਾ ਹੀ ਕਿਉਂ ਗਿਆ? ਜੇ ਇਹ ਪਹਿਲੇ ਨੇਮ ਵਰਗਾ ਹੀ ਹੁੰਦਾ ਤਾਂ ਇਸਦੀ ਲੋੜ ਹੀ ਨਾ ਹੁੰਦੀ। ਪੁਰਾਣੇ ਨੇਮ ਨੇ ਆਪਣਾ ਮਕਸਦ ਪੂਰਾ ਕਰ ਲਿਆ ਸੀ, ਸੋ ਖ਼ੁਦਾ ਨੇ ਇਕ ਨਵਾਂ ਅਤੇ ਫ਼ਰਕ ਨੇਮ ਦਿੱਤਾ।

ਆਪਣੇ ਨਿਅਮਾਂ ਅਤੇ ਵਿਧੀਆਂ ਨਾਲ, ਪੁਰਾਣੇ ਅਤੇ ਨਵੇਂ ਨੇਮ ਵਿਚ ਕੁਝ ਸਮਾਨਤਾਵਾਂ ਹਨ, ਪਰ ਇਸ ਵਿਚ ਵੱਡੇ ਫ਼ਰਕ ਹਨ ਜਿਸ ਵਿਚ ਇਸਦਾ ਮਕਸਦ, ਤਰੀਕਾ ਅਤੇ ਸਭ ਤੋਂ ਵੱਧ ਸਪੱਸ਼ਟ ਪਾਪਾਂ ਦੀ ਮਾਫ਼ੀ ਲਈ ਇਸ ਦੀਆਂ ਸ਼ਰਤਾਂ ਹਨ।[1] ਇਨ੍ਹਾਂ ਦੇ ਇਲਾਵਾ ਹੋਰ ਵੀ ਬਹੁਤ ਸਾਰੇ ਫਰਕ ਇਨ੍ਹਾਂ ਨੇਮਾਂ ਵਿਚ ਹਨ। ਕਈਆਂ ਦੀ ਤੁਲਨਾ ਰੂਪਾਂ ਅਤੇ ਪ੍ਰਤੀਰੂਪਾਂ ਵਿਚ ਕੀਤੀ ਜਾਂਦੀ ਹੈ।

### ''ਸ਼ਰ੍ਹਾ'' ਅਤੇ ''ਨੇਮ'' ਸ਼ਬਦ

ਨਵੇਂ ਨੇਮ ਵਿਚ ''ਸ਼ਰ੍ਹਾ'' ਸ਼ਬਦ ਦੀ ਵਰਤੋਂ ਇਸਰਾਏਲ ਕੌਮ ਨੂੰ ਮੂਸਾ ਦੇ ਰਾਹੀਂ ਖ਼ੁਦਾ ਦੇ ਇਕ ਜਾਂ ਸਭ ਹੁਕਮਾਂ ਲਈ ਹੋਈ ਹੈ। ਨੇਮ ਵਿਚ ਦਸ ਹੀ ਨਹੀਂ ਬਲਕਿ ਉਹ ਸਭ ਹਦਾਇਤਾਂ ਵੀ ਆਉਂਦੀਆਂ ਹਨ ਜਿਨ੍ਹਾਂ ਨੂੰ ''ਵਿਧੀਆਂ,'' ''ਨਿਰਣੇ,'' ''ਹੁਕਮਨਾਮੇ,'' ''ਰਹਿਤਨਾਮੇ,'' ''ਕਾਨੂੰਨ'' ਅਤੇ ''ਚਿਤਾਵਨੀਆਂ'' ਵੀ ਆਖਿਆ ਜਾਂਦਾ ਹੈ।

ਪਹਾੜੀ ਉਪਦੇਸ਼ ਵਿਚ ਯਿਸੂ ਨੇ ਸ਼ਰ੍ਹਾ ਦੀ ਗੱਲ ਕੀਤੀ (ਮੱਤੀ 5:17) ਫਿਰ ਉਸਨੇ ਦਸ ਹੁਕਮਾਂ ਵਿੱਚੋਂ ਦੋ ''ਖ਼ੂਨ ਨਾ ਕਰਨਾ'' ਅਤੇ ''ਵਿਭਚਾਰ ਨਾ ਕਰਨਾ'' ਦੁਹਰਾਏ (ਮੱਤੀ 5:21, 27)। ਉਸਨੇ ਤਲਾਕ ਦੇ ''ਤਲਾਕਨਾਮੇ,'' ''ਝੂਠੀ ਸਹੁੰ,'' ''ਸੁੱਖਣਾ'' ਪੂਰੀ ਕਰਨ, ''ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦਲੇ ਦੰਦ'' ਅਤੇ ''ਆਪਣੇ ਗੁਆਂਢੀ ਨੂੰ ਪਿਆਰ ਕਰਨ'' ਦਾ ਵੀ ਜ਼ਿਕਰ ਕੀਤਾ (ਮੱਤੀ 5:31, 33, 38, 43)। ਪਰ ਸ਼ਰ੍ਹਾ ਦਾ ਸਭ ਤੋਂ ਵੱਡਾ ਅਤੇ ਪਹਿਲਾ ਹੁਕਮ ''ਤੂੰ ਪ੍ਰਭੂ ਪਰਮੇਸ਼ੁਰ ਨੂੰ ... ਪ੍ਰੇਮ ਰੱਖ'' (ਮੱਤੀ 22:37, 38) ਦਸ ਹੁਕਮਾਂ ਵਿਚ ਨਹੀਂ ਮਿਲਦਾ। ਯਿਸੂ ਨੇ ਕਿਹਾ ਕਿ ਸ਼ਰ੍ਹਾ ਯਾਜਕਾਂ ਨੂੰ ਸੱਬਤ ਦੇ ਦਿਨ ਨੂੰ ਮੰਨਣ ਦੀ ਇਜਾਜ਼ਤ ਦਿੰਦੀ ਸੀ (ਮੱਤੀ 12:5) ਜੋ ਸੱਬਤ ਵਾਲੇ ਦਿਨ ਜਾਨਵਰਾਂ ਦੀਆਂ ਕੁਰਬਾਨੀਆਂ ਦੇਣ ਨਾਲ ਸੱਬਤ ਨੂੰ ਤੋੜਦੇ ਸਨ (ਗਿਣਤੀ 28:9, 10)। ਸ਼ਰ੍ਹਾ ਵਿੱਚੋਂ ਦੁਹਰਾਉਂਦਿਆਂ (''ਲਾਲਚ ਨਾ ਕਰਨਾ''; ਰੋਮੀਆਂ 7:7), ਜ਼ਾਹਿਰ ਹੈ ਪੌਲੁਸ ਦਸ ਹੁਕਮਾਂ ਦੀ ਗੱਲ ਹੀ ਕਰ ਰਿਹਾ ਸੀ। ਉਸਨੇ ਲਿਖਿਆ ਹੈ ਕਿ ਪ੍ਰੇਮ ''ਸ਼ਰ੍ਹਾ'' ਨੂੰ ਪੂਰਾ ਕਰਦਾ ਹੈ ਅਤੇ ਦਸ ਹੁਕਮਾਂ ਵਿੱਚੋਂ ਚੌਥੇ ਹੁਕਮ ਦਾ ਜ਼ਿਕਰ ਕਰਦਿਆਂ ਵਿਖਾਇਆ ਕਿ ''ਸ਼ਰ੍ਹਾ'' ਤੋਂ ਉਸਦਾ ਕੀ ਭਾਵ ਸੀ (ਰੋਮੀਆਂ 13:8, 9)। ਯਾਕੂਬ ਨੇ ਵੀ ਵਿਖਾਇਆ ਕਿ ''ਸ਼ਰ੍ਹਾ'' ਸ਼ਬਦ ਦੀ ਵਰਤੋਂ ਕਰਦਿਆਂ ਉਸਨੇ ਦਸ ਹੁਕਮਾਂ ਨੂੰ ਉਸ ਵਿਚ ਸ਼ਾਮਿਲ ਕੀਤਾ (ਯਾਕੂਬ 2:10, 11)। ਯਿਸੂ ਅਤੇ ਖ਼ੁਦਾ ਦੀ ਪ੍ਰੇਰਣਾ ਪਾਏ ਇਨ੍ਹਾਂ ਲੇਖਕਾਂ ਨੇ ਕੋਈ ਫ਼ਰਕ ਨਹੀਂ ਕੀਤਾ, ਪਰ ਪੁਰਾਣੇ ਨੇਮ ਦੇ

ਇਨ੍ਹਾਂ ਹੁਕਮਾਂ ਵਿੱਚੋਂ ਹਰ ਹੁਕਮ ਨੂੰ ਸ਼ਰ੍ਹਾ ਦਾ ਭਾਗ ਮੰਨਿਆ।

ਦੋਹਾਂ ਨੇਮਾਂ ਵਿੱਚੋਂ ਕਿਸੇ ਵਿਚ ਵੀ ''ਮੂਸਾ ਦੀ ਸ਼ਰ੍ਹਾ'' ਅਤੇ ''ਯਹੋਵਾਹ ਦੀ ਸ਼ਰ੍ਹਾ'' ਵਿਚ ਫ਼ਰਕ ਨਹੀਂ ਕੀਤਾ ਗਿਆ। ਇਨ੍ਹਾਂ ਸ਼ਬਦਾਂ ਨੂੰ ਇਕ ਦੂਜੇ ਦੀ ਥਾਂ ਵਰਤਿਆ ਗਿਆ ਹੈ (ਲੂਕਾ 2:22-24)। ਸ਼ਰ੍ਹਾ ਨੂੰ ਖ਼ੁਦਾ ਦੀ ਸ਼ਰ੍ਹਾ ਮੰਨਿਆ ਜਾਂਦਾ ਹੈ ਕਿਉਂਕਿ ਇਸ ਦਾ ਆਰੰਭ ਮੂਸਾ ਤੋਂ ਨਹੀਂ ਬਲਕਿ ਖ਼ੁਦਾ ਤੋਂ ਹੋਇਆ। ਜੋ ਕੁਝ ''ਮੂਸਾ ਦੀ ਸ਼ਰ੍ਹਾ'' ਵਿਚ ਲਿਖਿਆ ਹੋਇਆ ਸੀ ਕਿ ਉਹ ''ਯਹੋਵਾਹ ਦੇ ਹੁਕਮ'' ਨਾਲ ਹੀ ਲਿਖੀ ਗਈ ਸੀ (2 ਰਾਜਿਆਂ 14:6)। ਇਸੇ ਕਰਕੇ ਸੁਲੇਮਾਨ ਆਖ ਸਕਿਆ, ''ਅਤੇ ਯਹੋਵਾਹ ਆਪਣੇ ਪਰਮੇਸ਼ੁਰ ਦੀ ਆਗਿਆ ਨੂੰ ਪਾਲ ਕੇ ਉਹਦੇ ਮਾਰਗ ਉੱਤੇ ਚੱਲ ਅਤੇ ਉਹ ਦੀਆਂ ਬਿਧੀਆਂ, ਹੁਕਮਾਂ, ਨਿਆਵਾਂ ਅਤੇ ਸਾਖੀਆਂ ਦੀ ਪਾਲਨਾ ਕਰ ਕੇ ਰਾਖੀ ਕਰ ਜਿਸ ਕਰਕੇ ਤੂੰ ਉਸ ਸਾਰੇ ਕੰਮ ਵਿੱਚ ਜਿਹੜਾ ਤੂੰ ਕਰੇਂ ਅਤੇ ਉਸ ਸਭ ਕਾਸੇ ਵੱਲ ਜਿੱਧਰ ਤੂੰ ਮੂੰਹ ਕਰੇਂ ਸਫਲ ਹੋਵੇਂ'' (1 ਰਾਜਿਆਂ 2:3; ਵੇਖੋ 2 ਇਤਿਹਾਸ 33:8) ਇਹ ਨਿਅਮ ''ਯਹੋਵਾਹ ਦੀ ਬਿਵਸਥਾ ਦੀ ਪੋਥੀ ਜਿਹੜੀ ਮੂਸਾ ਦੇ ਰਾਹੀਂ ਦਿੱਤੀ ਗਈ'' (2 ਇਤਿਹਾਸ 34:14) ਵਿਚ ਸੀ। ''ਬਿਵਸਥਾ ਦੀ ਕਿਤਾਬ'' (2 ਰਾਜਿਆਂ 22:11) ਨੂੰ ''ਨੇਮ ਦੀ ਪੋਥੀ'' ਵੀ ਕਿਹਾ ਗਿਆ ਹੈ (2 ਰਾਜਿਆਂ 23:2)।

''ਉਹ ਮੂਸਾ ਦੀ ਬਿਵਸਥਾ ਵਿਚ ਜੋ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਨੇ ਦਿੱਤੀ ਸੀ ਬੜਾ ਗੁਣੀ ਗ੍ਰੰਥੀ ਸੀ'' (ਅਜ਼ਰਾ 7:6)। ਰਾਜੇ ਨੇ ਉਸ ''ਬਿਵਸਥਾ ਦੀ ਪੋਥੀ ਨੂੰ ਲਿਆ ਜਿਹਦਾ ਯਹੋਵਾਹ ਨੇ ਇਸਰਾਏਲ ਨੂੰ ਹੁਕਮ ਦਿੱਤਾ ਹੈ'' ਬਾਅਦ ਵਿਚ, ਲਿਖਿਆ ਗਿਆ: ''ਉਨ੍ਹਾਂ ਨੇ ਪਰਮੇਸ਼ੁਰ ਦੀ ਬਿਵਸਥਾ ਦੀ ਪੋਥੀ ਨੂੰ ਬੜੀ ਸਫਾਈ ਨਾਲ ਪੜ੍ਹਿਆ'' (ਨਹਮਯਾਹ 8:1, 8; 14, 18 ਆਇਤਾਂ ਵੀ ਵੇਖੋ; 10:29, 34)। ਸਾਫ਼ ਹੈ ਕਿ ਜਿਵੇਂ ਇਨ੍ਹਾਂ ਆਇਤਾਂ ਵਿਚ ਵੇਖਿਆ ਗਿਆ ਹੈ ਕਿ ਮੂਸਾ ਦੀ ਸ਼ਰ੍ਹਾ ਅਤੇ ਖ਼ੁਦਾ ਦੀ ਸ਼ਰ੍ਹਾ ਇੱਕੋ ਹੀ ਹਨ।

ਨਵੇਂ ਨੇਮ ਵਿਚ ਜਿੱਥੇ ''ਪਹਿਲੇ'' ਜਾਂ ''ਪੁਰਾਣੇ'' ਨੇਮ ਦੀ ਗੱਲ ਹੁੰਦੀ ਹੈ, ਤਾਂ ਉਸ ਵਿਚ ਦਸ ਹੁਕਮ ਸ਼ਾਮਿਲ ਹੁੰਦੇ ਹੀ ਹਨ। ਜਿਵੇਂ ''ਮੂਸਾ ਦੀ ਵਿਵਸਥਾ ਦੀ ਪੁਸਤਕ'' ਅਤੇ ''ਖ਼ੁਦਾ ਦੀ ਸ਼ਰ੍ਹਾ ਦੀ ਪੁਸਤਕ'' ਅਤੇ ''ਨੇਮ ਦੀ ਪੁਸਤਕ'' ਤਿੰਨ ਵੱਖੋ-ਵੱਖੋ ਕਿਤਾਬਾਂ ਨਹੀਂ ਹਨ, ਇਸੇ ਤਰ੍ਹਾਂ ''ਮੂਸਾ ਦੀ ਸ਼ਰ੍ਹਾ'' ਅਤੇ ''ਖ਼ੁਦਾ ਦੀ ਸ਼ਰ੍ਹਾ'' ਦੋ ਵੱਖ-ਵੱਖ ਨਹੀਂ ਬਲਕਿ ਇੱਕੋ ਸ਼ਰ੍ਹਾ ਹੈ। ਸ਼ਰ੍ਹਾ ਵਿਚ ਦਸ ਹੁਕਮ ਅਤੇ ਮੂਸਾ ਦੇ ਰਾਹੀਂ ਦਿੱਤੀ ਗਈ ਖ਼ੁਦਾ ਦੀ ਬਾਕੀ ਸ਼ਰ੍ਹਾ ਸਮੇਤ ਉਹ ਹੁਕਮ ਵੀ ਸ਼ਾਮਿਲ ਸਨ ਜੋ ਖ਼ੁਦਾ ਨੇ ਮੂਸਾ ਨੂੰ ਦਿੱਤੇ ਸਨ। ਇਹ ਸੱਚ ਹੈ, ਇਸ ਕਰਕੇ ਪੁਰਾਣੀ ਅਤੇ ਨਵੀਂ ਸ਼ਰ੍ਹਾ ਵਿਚ ਤੁਲਨਾ ਕੀਤੀ ਜਾ ਸਕਦੀ ਹੈ, ਭਾਵੇਂ ''ਨੇਮ'' ਦੀ ਸ਼ਬਦ ਹਰ ਥਾਂ ਵਰਤੋਂ ਨਾ ਕੀਤੀ ਜਾਵੇ।

ਨੇਮਾਂ ਦੀ ਤੁਲਨਾ ਕਰਨ ਤੇ, ਹਰ ਨੇਮ ਦਾ ਸੁਭਾਅ ਸਪੱਸ਼ਟ ਹੋ ਜਾਂਦਾ ਹੈ। ਪਹਿਲਾ ਨੇਮ ਜੋ ਖ਼ੁਦਾ ਅਤੇ ਇਸਰਾਏਲ ਕੌਮ ਦੇ ਵਿਚਕਾਰ ਬੰਨ੍ਹਿਆ ਗਿਆ ਸੀ, ਮੂਸਾ ਦੀ ਸ਼ਰ੍ਹਾ ਵਿਚ ਹੋਇਆ ਇਕ ਸਮਝੌਤਾ ਸੀ। ਉਸਦੇ ਅਧੀਨ ਉਨ੍ਹਾਂ ਨੂੰ ਬਰਕਤਾਂ ਮਿਲਣੀਆਂ ਸਨ ਜਿਨ੍ਹਾਂ ਤੇ ਸੁੰਨਤ ਅਤੇ ਨੇਮ ਦੀ ਹੁਕਮ ਮੰਨਣ ਦੀ ਮੋਹਰ ਲੱਗੀ ਹੋਈ ਸੀ। ਯਿਸੂ ਦੀ ਵਿਚੋਲਗੀ ਵਾਲਾ ਦੂਜਾ ਨੇਮ, ਸਾਰੇ ਸੰਸਾਰ ਦੇ ਲੋਕਾਂ ਲਈ ਹੈ। ਇਸ ਨੇਮ ਤੋਂ ਲਾਭ ਲੈਣ ਲਈ, ਸਾਡੇ ਲਈ ਨਵਾਂ ਜਨਮ ਲੈਣਾ, ਪਵਿੱਤਰ ਆਤਮਾ ਨਾਲ ਮੋਹਰ ਹੋਣਾ ਅਤੇ ਨਵੀਂ ਜ਼ਿੰਦਗੀ ਜਿਊਣਾ ਜ਼ਰੂਰੀ ਹੈ।

ਦੋ ਨੇਮਾਂ ਤੇ ਵਿਚਾਰ ਕਰਦਿਆਂ ਇਬਰਾਨੀਆਂ ਦੇ ਪੱਤਰੀ ਦੇ ਲੇਖਕ ਨੇ ਉਸ ਨੇਮ ਬਾਰੇ ਲਿਖਿਆ ਜਿਸ ਦਾ ਵਿਚੋਲਾ ਯਿਸੂ ਹੈ: ''ਪਰ ਹੁਣ ਜਿੰਨਾ ਕੁ ਉਹ ਅਗਲੇ ਨਾਲੋਂ ਇਕ ਉੱਤਮ

ਨੇਮ ਦਾ ਵਿਚੋਲਾ ਹੋਇਆ ਜਿਹੜਾ ਚੰਗੇ ਵਾਅਦਿਆਂ ਉੱਤੇ ਬੰਨ੍ਹਿਆ ਹੋਇਆ ਹੈ ਓਨੀ ਹੀ ਉਸ ਨੂੰ ਚੰਗੀ ਸੇਵਕਾਈ ਮਿਲੀ'' (ਇਬਰਾਨੀਆਂ 8:6)।

## ਇਕ ਉੱਤਮ ਨੇਮ

ਪਹਿਲੇ ਨੇਮ ਵਿਚ ਅਜਿਹੇ ਕੰਮ ਸੀ ਜਿਨ੍ਹਾਂ ਦਾ ਨਿਆਂ (ਲਵੀਆਂ 19:15) ਅਤੇ ਦੰਡ ਸਮਾਜ ਦੇ ਰਾਹੀਂ ਦਿੱਤਾ ਜਾ ਸਕਦਾ ਸੀ (ਗਿਣਤੀ 15:30, 31) ਇਸ ਦੇ ਹੁਕਮ ਕੇਵਲ ਲੋਕਾਂ ਦੀ ਇਕ ਕੌਮ ਲਈ ਸਨ ਜੋ ਉਨ੍ਹਾਂ ਨੂੰ ਖ਼ੁਦਾ ਅਤੇ ਲੋਕਾਂ ਦੇ ਪ੍ਰਤੀ ਕੰਮ ਨੂੰ ਸਮਝਉਣ ਵਿਚ ਸਹਾਇਤਾ ਲਈ ਦਿੱਤੀਆਂ ਗਈਆਂ ਸਨ। ਦੂਜਾ ਨੇਮ ਦਿਲਾਂ ਦੀਆਂ ਉਨ੍ਹਾਂ ਗੱਲਾਂ ਨੂੰ ਵੇਖਦਾ ਹੈ ਜੋ ਖ਼ੁਦਾ ਅਤੇ ਦੂਸਰੇ ਲੋਕਾ ਨਾਲ ਸਾਡੇ ਸਬੰਧਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨੇਮ ਵਿਚ ਨਿਆਂ (ਮੱਤੀ 7:1) ਅਤੇ ਸਜ਼ਾ ਖ਼ੁਦਾ ਤੇ ਛੱਡ ਦਿੱਤਾ ਜਾਂਦਾ ਹੈ (ਰੋਮੀਆਂ 12:19; 2 ਥੱਸਲੁਨੀਕੀਆਂ 1:7, 8) ਜੋ ਸਾਡੇ ਦਿਲਾਂ ਨੂੰ ਜਾਣ ਸਕਦਾ ਹੈ (1 ਸਮੂਏਲ 16:7)।

ਪਹਿਲਾਂ ਨੇਮ ਨਿਰਬਲ ਸੀ ਕਿਉਂਕਿ ਜੋ ਕੁਝ ਉਹ ਪਾਪੀ ਮਨੁੱਖ ਲਈ ਕਰਦਾ ਉਸਨੂੰ ਧਰਮੀ ਨਹੀਂ ਠਹਿਰਾ ਸਕਦਾ ਸੀ। ਦੂਸਰਾ ਸਬੰਧ ਯਿਸੂ ਦੀ ਸ਼ਕਤੀ ਨਾਲ ਸਭ ਕੁਝ ਕਰ ਸਕਦਾ ਹੈ। ''ਜੋ ਸ਼ਰ੍ਹਾ ਤੋਂ ਨਾ ਹੋ ਸਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ ਨਿਤਾਣੀ ਸੀ, ਪਰਮੇਸ਼ੁਰ ਨੇ ਆਪਣਾ ਪੁੱਤਰ ਪਾਪ ਲਈ ਪਾਪੀ ਸਰੀਰ ਦੇ ਰੂਪ ਵਿਚ ਘੱਲ ਕੇ ਸਰੀਰ ਵਿਚ ਹੀ ਪਾਪ ਉੱਤੇ ਸਜ਼ਾ ਦਾ ਹੁਕਮ ਦਿੱਤਾ'' (ਰੋਮੀਆਂ 8:3)।

## ਇਕ ਉੱਤਮ ਉਦੇਸ਼

ਕੀ ਖ਼ੁਦਾ ਨੇ ਇਕ ਅਜਿਹਾ ਨੇਮ ਦਿੱਤਾ ਸੀ ਜੋ ਦੋਸ਼ ਯੁਕਤ ਸੀ? (ਦੇਖੋ ਇਬਰਾਨੀਆਂ 8:7)। ਖ਼ੁਦਾ ਨੇ ਜਿਸ ਉਦੇਸ਼ ਲਈ ਉਹ ਬਣਾਇਆ ਸੀ ਉਸ ਦੇ ਹਿਸਾਬ ਨਾਲ ਉਹ ਸੰਪੂਰਣ ਸੀ। ਸ਼ਰ੍ਹਾ ਦੇ ਰਾਹੀਂ, ਖ਼ੁਦਾ ਨੂੰ ਇਕ ਮਾਪ ਦੰਡ ਦਿੱਤਾ ਗਿਆ ਜਿਸ ਨਾਲ ਮਨੁੱਖ ਨੂੰ ਵਿਖਾਇਆ ਗਿਆ ਕਿ ਪਾਪ ਕੀ ਹੈ (ਵੇਖੋ ਰੋਮੀਆਂ 7:7) ਅਤੇ ਪਾਪ ਯੁਕਤ ਹੋਣਾ ਕੀ ਹੈ (ਰੋਮੀਆਂ 7:13)। ''ਕਿਉਂ ਜੋ ਸ਼ਰਾ ਦੇ ਰਾਹੀਂ ਪਾਪ ਦੀ ਪਛਾਣ ਹੀ ਹੁੰਦੀ ਹੈ'' (ਰੋਮੀਆਂ 3:20ਅ)। ਇਸ ਤਰ੍ਹਾਂ ਖ਼ੁਦਾ ਨੇ ਸਮਝਾਇਆ ਹੈ ਕਿ ਪਾਪ ਕਿਵੇਂ ਉਸਦੇ ਸੁਭਾਅ ਦੇ ਉਲਟ ਹੈ (ਰੋਮੀਆਂ 3:23) ਉਹਦੀ ਇੱਛਾ ਦੇ ਖ਼ਿਲਾਫ਼ ਹੈ (ਰੋਮੀਆਂ 4:15) ਅਤੇ ਕੰਨਾ ਪਾਪ ਨਾਲ ਭਰਿਆ ਹੈ (ਰੋਮੀਆਂ 7:13)। ਸ਼ਰ੍ਹਾ ਪਾਪ ਨਿਵਾਰਣ ਲਈ ਦਿੱਤੀ ਗਈ ਸੀ। ''ਉਹ ਅਪਰਾਧਾਂ ਦੇ ਕਾਰਨ ਨਾਲ ਰਲਾਈ ਗਈ '' (ਗਲਾਤੀਆਂ 3:19)। ਇਸ ਦੇ ਰਾਹੀਂ ਸਹੁੰ ਲੋਕਾਂ ਨੂੰ ਖ਼ੁਦਾ ਦੀ ਯੋਜਨਾ ਨਾਲ ਮੁਕਤੀਦਾਤਾ ਦੇ ਰਾਹੀਂ ਅਜਿਹੇ ਦੰਡ ਨਾਲ ਮਨੁੱਖ ਕੌਮ ਨੂੰ ਛੁਡਾਉਣ ਤਕ , ਪਾਪ ਦੇ ਵਸ਼ ਵਿਚ ਕਰ ਦਿੱਤਾ ਗਿਆ ਸੀ (ਗਲਾਤੀਆਂ 3:22)।

ਸ਼ਰ੍ਹਾ ਸਾਨੂੰ ਸਿਖਿਅਕ ਜਾਂ ਹਵਾਲੇ ਦੇ ਰੂਪ ਵਿਚ ਉਸਦੀ ਸੁਰਖਿਆ ਵਿਚ ਰਹਿਣ ਲਈ ਦਿੱਤੀ ਗਈ ਸੀ (ਗਲਾਤੀਆਂ 3:23, 24)। ਜਦ ਤਕ ਕਿ ਉਹ ਵੰਸ਼ ਦੇ ਅਰਥਾਤ ਯਿਸੂ ਆ ਜਾਵੇ (ਗਲਾਤੀਆਂ 3:19)। ਹੁਣ ਜਦ ਕਿ ਉਹ ਆ ਚੁੱਕਾ ਹੈ, ਸ਼ਰ੍ਹਾ ਦਾ ਉਦੇਸ਼ ਪੂਰਾ ਹੋ ਚੁੱਕਾ ਹੈ ਹੁਣ ਅਸੀਂ ਸਿਖਿਅਕ ਜਾਂ ਰਖਵਾਲੇ ਦੇ ਅਧੀਨ ਨਹੀਂ ਹਾਂ (ਗ਼ਲਾਤੀਆ 3:25)।

ਇਕ ਅਰਥ ਵਿਚ ਸ਼ਰ੍ਹਾ ਦੋਸ਼ ਰਹਿਤ ਨਹੀਂ ਸੀ (ਇਬਰਾਨੀਆਂ 8:7) ਕਿਉਂਕਿ ਉਹ ਪਾਪੀ ਮਨੁੱਖ ਨੂੰ ਸਿੱਧ ਨਹੀਂ ਬਣਾ ਸਕਦਾ ਸੀ (ਇਬਰਾਨੀਆਂ 7:19) ਪਾਪ ਦੇ ਦੰਡ ਦੇ ਰੂਪ

ਵਿਚ, ਸ਼ਰ੍ਹਾ ਬਿਨਾ ਕਿਸੇ ਉਲੰਘਣਾ ਦੇ ਪੂਰੀ ਤਾਰ੍ਹਾ ਹੁਕਮ ਮੰਨਣ ਦੀ ਮੰਗ ਕਰਦੀ ਹੈ (ਗਲਾਤੀਆਂ 3:10; ਯਾਕੂਬ 2:10), ਇਸ ਪਾਪ ਦੰਡ ਨਾਲ ਇਹ ਪ੍ਰਗਟ ਹੋਇਆ ਕਿ ਸਾਡੇ ਤੋਂ ਗਲਤੀਆਂ ਹੋ ਹੀ ਜਾਂਦੀਆਂ ਹਨ ਇਸ ਕਰਕੇ ਉਸ ਨੇ ਇਕ ਸਿਖਿਅਕ ਦੀ ਤਰ੍ਹਾ (ਗਲਾਤੀਆਂ 3:25) ਸਾਨੂੰ ਇਹ ਦਿਖਾਉਂਦੇ ਹੋਏ ਕਿ ਅਸੀਂ ਪਾਪੀ ਹਾਂ ਜਿਨ੍ਹਾਂ ਨੂੰ ਮੁਕਤੀ ਦੀ ਲੋੜ ਹੈ, ਆਪਣਾ ਉਦੇਸ਼ ਪੂਰਾ ਕੀਤਾ।

ਸ਼ਰ੍ਹਾ ਦਾ ਉਦੇਸ਼ ਇਸ ਤਰ੍ਹਾਂ ਸਮਝਾਇਆ ਜਾ ਸਕਦਾ ਹੈ। ਫਲੋਰਿਡਾ ਦਾ ਇਕ ਅਦਮੀ ਗਰਮੀਆਂ 'ਚ ਆਪਣੇ ਇਕ ਦੋਸਤ ਕੋਲ ਕਨੇਡਾ ਗਿਆ। ਉਸਨੂੰ ਇਹ ਇਲਾਕਾ ਇੰਨਾ ਚੰਗਾ ਲੱਗਾ ਕਿ ਉਸਨੇ ਆਪਣੇ ਮਿੱਤਰ ਨੂੰ ਕਿਹਾ ਕਿ ਜਿਸ ਤਰ੍ਹਾ ਉਸਨੇ ਫਲੋਰਿਡਾ ਵਿਚ ਅਨਾਨਾਸ ਦੇ ਬਾਗ ਲਾਏ ਗਏ ਹਨ ਉਸੇ ਤਰ੍ਹਾਂ ਹੀ ਉਹ ਕਨੇਡਾ ਵਿਚ ਵੀ ਲਾਉਣਾ ਚਾਹੁੰਦਾ ਹੈ। ਉਸ ਦਾ ਦੋਸਤ ਉਸ ਨੂੰ ਨਹੀਂ ਸਮਝਾ ਸਕਿਆ ਕਿ ਅਜਿਹਾ ਕੰਮ ਇੱਥੇ ਕਾਮਯਾਬ ਨਹੀਂ ਹੋ ਸਕਦਾ, ਸੋ ਉਸਨੇ ਉਸਨੂੰ ਕਨੇਡਾ ਦੇ ਸਭ ਤੋਂ ਗਰਮ ਇਲਾਕੇ ਵਿਚ ਦੂਰ ਦੱਖਣੀ ਲਿਆਉਣ ਢਲਾਨ ਦੇ ਬਾਰਾ ਲਾਉਣ ਦੀ ਸਲਾਹ ਦਿੱਤੀ। ਪਹਿਲੇ ਸਿਆਲ 'ਚ ਕੋਰਾ ਛੇਤੀ ਹੀ ਪੈ ਗਿਆ ਅਨਾਨਾਸ ਦੇ ਪੌਦਿਆਂ ਤੇ ਫਲ ਆਉਣ ਤੋਂ ਪਹਿਲਾਂ ਹੀ ਬਰਫ਼ ਪੈ ਗਈ। ਉਹ ਆਦਮੀ ਉਸ ਨੂੰ ਕਹਿਣ ਲੱਗਾ ਕਿ ਇਸ ਨਾਲ ਹੋਰ ਕੋਰਾ ਛੇਤੀ ... ਪਵੇਗਾ, ਇਸ ਕਰਕੇ ਅਗਲੇ ਸਾਲ ਦੇਰ ਨਾਲ ਪਵੇਗਾ। ਉਸਨੇ ਅਗਲੇ ਸਾਲ ਕੋਸ਼ਿਸ਼ ਕੀਤੀ, ਫੇਰ ਇਸੇ ਤਰ੍ਹਾਂ ਹੋਇਆ। ਅਖ਼ੀਰ ਦਸ ਸਾਲਾਂ ਤਕ ਕੋਸ਼ਿਸ ਕਰਨ ਦੇ ਬਾਅਦ ਉਹਨੇ ਮੰਨਿਆ ਕਿ ਕਨੇਡਾ ਦਾ ਮੌਸਮ ਅਨਾਨਾਸ ਦੀ ਖੇਤੀ ਲਈ ਠੀਕ ਨਹੀਂ ਹੈ।

ਖ਼ੁਦਾ ਨੇ ਅਬਰਾਹਾਮ ਨੂੰ ਚੁਣਿਆ ਸੀ ਜੋ ਵਫ਼ਾਦਾਰ ਧਰਮੀ ਪੁਰਖ ਸੀ ਅਤੇ ਉਸਨੇ ਉਸਨੂੰ ਅਤੇ ਉਸਦੀ ਸੰਤਾਨ ਨੂੰ ਉਨ੍ਹਾਂ ਦੇ ਆਲੇ-ਦੁਆਲੇ ਦੇ ਸੰਸਾਰ ਤੋਂ ਵੱਖ ਕਰ ਦਿੱਤਾ। ਉਸਨੇ ਉਨ੍ਹਾਂ ਦੀ ਅਗਵਾਈ ਲਈ ਉਨ੍ਹਾਂ ਨੂੰ ਇਕ ਧਰਮੀ ਸ਼ਰ੍ਹਾ ਦਿੱਤੀ ਅਤੇ ਉਨ੍ਹਾਂ ਦੇ ਨਾਲ ਰਹਿਣ ਦਾ ਵਾਅਦਾ ਕੀਤਾ ਜੇ ਆਪਣੇ ਭਲੇ ਕੰਮਾਂ ਨਾਲ ਖ਼ੁਦਾ ਦੀ ਧਾਰਮਿਕਤਾ ਨੂੰ ਮੰਨਿਆ ਜਾ ਸਕਦਾ ਹੁੰਦਾ ਤਾਂ ਇਸਰਾਏਲ ਨਾਲੋਂ ਵਧ ਕੇ ਕੋਈ ਨਹੀਂ ਹੋ ਸਕਦੀ ਹੈ ਕਿਉਂਕਿ ਖ਼ੁਦਾ ਨੇ ਉਨ੍ਹਾਂ ਨੂੰ ਪਾਪੀ ਕੌਮਾਂ ਤੋਂ ਦੂਰ ਕਰਕੇ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕੀਤਾ। ਅਜਿਹੀ ਬਰਕਤ ਪਾਉਣ ਦੇ ਬਾਵਜੂਦ ਉਨ੍ਹਾਂ ਸਭ ਨੇ ਪਾਪ ਕੀਤਾ।

ਇਸਰਾਏਲੀਆਂ ਨੂੰ ਇਹ ਸਮਝਾਉਣ ਲਈ ਕਿ ਸ਼ਰ੍ਹਾ ਅਧੀਨ ਮੁਕਤੀ ਕਮਾਈ ਨਹੀਂ ਜਾ ਸਕਦੀ, ਕਾਫ਼ੀ ਸਾਲ ਦੇ ਕੇ ਖ਼ੁਦਾ ਨੇ ਵਿਖਾ ਦਿੱਤਾ ਕਿ ਸਭ ਲੋਕ ਪਾਪੀ ਹਨ। ਅਸੀਂ ਆਪਣੇ ਭਲੇ ਕੰਮਾਂ ਨਾਲ ਆਪਣੇ ਆਪ ਤੋਂ ਬਚਾ ਨਹੀਂ ਸਕਦੇ ਭਾਵ ਸਾਨੂੰ ਇਕ ਮੁਕਤੀਦਾਤੇ ਦੀ ਲੋੜ ਹੈ। ਇਸੇ ਤਰ੍ਹਾਂ ''ਸ਼ਰ੍ਹਾ ਮਸੀਹ ਤਕ ਪਹੁੰਚਣ ਲਈ ਸਾਡੀ ਉਸਤਾਦ ਹੋਈ ਕਿ ਅਸੀਂ ਵਿਸ਼ਵਾਸ ਨਾਲ ਧਰਮੀ ਠਹਿਰੇ'' (ਗਲਾਤੀਆਂ 3:24) ਸਾਨੂੰ ਇਹ ਬਹਿਸ ਨਹੀਂ ਕਰਨੀ ਚਾਹੀਦੀ ਕਿ ਬਿਨਾ ਯਿਸੂ ਦੇ ਬਚਾਏ ਜਾ ਸਕਦੇ ਹਾਂ, ਕਿਉਂਕਿ ਖ਼ੁਦਾ ਨੇ ਇਸਰਾਏਲੀਆਂ ਦੇ ਰਾਹੀਂ ਜ਼ਬਰਦਸਤ ਢੰਗ ਨਾਲ ਵਿਖਾਇਆ ਕਿ ਲੋਕ ਪਾਪੀ ਹੀ ਬਣੇ ਰਹਿੰਦੇ ਹਨ ਅਤੇ ਧਰਮੀ ਬਣਨ ਲਈ ਉਨ੍ਹਾਂ ਨੂੰ ਯਿਸੂ ਦੀ ਮਦਦ ਦੀ ਲੋੜ ਹੈ।

## ਇਕ ਉੱਤਮ ਢੰਗ

ਸ਼ਰ੍ਹਾ ਅਤੇ ਨਵਾਂ ਨੇਮ ਧਾਰਮਿਕਤਾ ਦੇ ਆਪਣੇ ਢੰਗਾਂ ਕਰਕੇ ਫ਼ਰਕ ਫ਼ਰਕ ਹਨ। ਅਲਗ-

ਅਲਗ ਗੱਲਾਂ ਤੇ ਜ਼ੋਰ ਦੇਣ ਵਿਚ ਵੀ ਉਹ ਫ਼ਰਕ ਹਨ। ਪਹਿਲਾ ਨੇਮ ਅਜਿਹੇ ਨਿਅਮਾਂ ਤੇ ਜ਼ੋਰ ਦਿੰਦਾ ਸੀ ਜੋ ਮਨੁੱਖ ਦੇ ਕੰਮਾਂ ਨੂੰ ਚਲਾਉਂਦੇ ਹਨ, ਜਦ ਕਿ ਦੂਜਾ ਨੇਮ ਸਰੀਰ ਨੂੰ ਕਾਬੂ ਕਰਨ ਵਾਲੀ ਆਤਮਾ ਦੇ ਗੁਣਾਂ ਦੀ ਗੱਲ ਕਰਦਾ ਹੈ।

ਪਹਿਲਾ ਨੇਮ ਰਚਨਾਤਮਕ ਗੱਲਾਂ ਤੇ ਵਧੇਰੇ ਜ਼ੋਰ ਦਿੰਦਾ ਸੀ ਜਦ ਕਿ ਸਕਾਰਤਮਕਤਾ ਦੇ ਵਧੇਰੇ ਮਹੱਤਵ ਨੂੰ ਘੱਟ ਕਰਦਾ ਸੀ; ਦੂਜਾ ਨੇਮ ਸਕਾਰਤਮਕ ਉੱਤੇ ਜ਼ੋਰ ਕਿੰਨਾ ਹੈ ਪਰ ਸਾਨੂੰ ਬੁਰਿਆਈ ਨਾ ਕਰਨ ਨੂੰ ਕਹਿੰਦਾ ਹੈ। ਪਹਾੜੀ ਉਪਦੇਸ਼ ਵਿਚ, ਯਿਸੂ ਨੇ ਕੁਝ ਗੱਲਾਂ ਜੋ ਕੀਤੀਆਂ ਜਾਣੀਆਂ ਜ਼ਰੂਰੀ ਹਨ ਦੱਸੀਆਂ ਸਨ। ਪੌਲੁਸ ਨੇ ਵੀ ਉਨ੍ਹਾਂ ਗੱਲਾਂ ਲਈ ਕਿਹਾ ਜੋ ਮਸੀਹੀ ਲੋਕਾਂ ਨੂੰ ਨਹੀਂ ਕਰਨੀਆਂ ਚਾਹੀਦੀਆਂ ਹਨ।[2] ਨਵੇਂ ਨੇਮ ਵਿਚ ''ਨਾ ਕਰਨਾ'' ਦੇ ਕੁਝ ਕੁ ਹੀ ਵਾਕ ਹਨ।[3] ਲੋਕਾਂ ਦੀ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ, ਇਸ ਬਾਰੇ ਨਵੇਂ ਨੇਮ ਵਿਚ ਨਕਾਰਤਮਕ ਦੀ ਬਜਾਏ ਸਕਾਰਤਮਕ ਹੁਕਮ ਬਹੁਤੇ ਹਨ। ਪੁਰਣ ਨੇਮ ਵਿਚ ਵਾਕ ਸਕਾਰਤਮਕ ਨਾਲੋਂ ਬਹੁਤੇ ਨਕਾਰਤਮਕ ਹਨ।

## ਉੱਤਮ ਵਾਅਦੇ

ਦੂਜਾ ਨੇਮ ਪਹਿਲੇ ਨਾਲੋਂ ਉੱਤਮ ਹੈ ਕਿਉਂਕਿ ਉਸਦੇ ਵਾਅਦੇ ਪਹਿਲੇ ਨੇਮ ਵਿਚ ਦਿੱਤੇ ਵਾਅਦਿਆਂ ਨਾਲੋਂ ਉੱਤਮ ਹਨ (ਇਬਰਾਨੀਆਂ 8:6)। ਖ਼ੁਦਾ ਨੇ ਇਸਰਾਏਲੀਆਂ ਨਾਲ ਇਹ ਵਾਅਦਾ ਨਹੀਂ ਕੀਤਾ ਸੀ ਕਿ ਹੁਕਮ ਮੰਨਣ ਵਾਲੇ ਸੁਰਗ ਵਿਚ (1 ਪਤਰਸ 1:3, 4) ਹਮੇਸ਼ਾ ਲਈ ਬਚਾਏ ਜਾਣਗੇ (ਇਬਰਾਨੀਆਂ 5:9)। ਪੁਰਾਣੇ ਨੇਮ ਵਿਚ, ਬਦਲੀ ਹੋਈ ਅਰਥਾਤ ਜੀ ਉਠੀ ਦੇਹ ਦਾ ਕੋਈ ਜ਼ਿਕਰ ਨਹੀਂ ਸੀ ਕੀਤਾ ਗਿਆ ਜੋ ਖ਼ੁਦਾ ਦੇ ਸਰੂਪ ਵਿਚ ਹੋਵੇ (ਫ਼ਿਲਿੱਪੀਆਂ 3:21; 1 ਯੂਹਨਾ 3:2)। ਉਸਨੇ ਅਜਿਹੇ ਵਾਅਦੇ ਉਨ੍ਹਾਂ ਲੋਕਾਂ ਨਾਲ ਕੀਤੇ ਜੋ ਦੂਜੇ ਨੇਮ ਵਿਚ ਵਫ਼ਾਦਾਰ ਬਣ ਕੇ ਰਹਿੰਦੇ ਹਨ। ਨਵੇਂ ਨੇਮ ਦੇ ਵਾਅਦੇ ਲੰਮੀ ਉਮਰ ਅਤੇ ਇਸਰਾਏਲ ਦੇਸ਼ ਵਿਚ ਦੁਨਿਆਵੀ ਬਰਕਤਾਂ ਦੇ ਪੁਰਾਣੇ ਨੇਮ ਦੇ ਵਾਅਦੇ ਨਾਲੋਂ ਕਿਤੇ ਉੱਤਮ ਹਨ (ਵਿਵਸਥਾਸਾਰ 5:33)।

ਇਸਰਾਏਲ ਨਾਲ ਬੰਨ੍ਹੇ ਖ਼ੁਦਾ ਦੇ ਨੇਮ ਵਿਚ ਜਾਂ ਸੁਰਗ ਦੇਣ ਦਾ ਕੋਈ ਵਾਅਦਾ ਨਹੀਂ ਸੀ। ਉਸ ਵਿਚ ਅਜਿਹੇ ਵਾਅਦੇ ਨਹੀਂ ਸਨ, ਇਸ ਕਰਕੇ ਸੁਰਗ ਵਿਚ ਹਮੇਸ਼ਾ ਦੀ ਜ਼ਿੰਦਗੀ ਪਾਉਣ ਦੀ ਗੱਲ ਦਸ ਹੁਕਮਾਂ ਨੂੰ ਪੂਰਾ ਕਰਨ ਨਾਲ ਨਹੀਂ ਹੋ ਸਕਦੀ। ਜੇ ਪੁਰਾਣੇ ਨੇਮ ਵਿਚ ਐਨੇ ਵਾਅਦੇ ਕੀਤੇ ਜਾਂਦੇ ਹਨ ਤਾਂ ਨਵੇਂ ਨੇਮ ਵਿਚ ਉੱਤਮ ਵਾਅਦੇ ਨਾ ਹੁੰਦੇ। ਦੂਜੇ ਪਾਸੇ ਜੇ ਮੁਰੰਮਤ ਕੀਤੇ ਹੋਏ ਦੇਸ਼ ਵਿਚ ਵੀ ਨਵੇਂ ਨੇਮ ਦਾ ਵਾਅਦਾ ਹੈ ਤਾਂ ਉਸ ਵਿਚ ਪਹਿਲੇ ਨੇਮ ਨਾਲੋਂ ਉੱਤਮ ਵਾਅਦੇ ਹਨ।

ਨਵਾਂ ਨੇਮ ਫ਼ਰਕ ਹੈ ਅਤੇ ਪਹਿਲੇ ਨਾਲੋਂ ਉੱਤਮ ਹੈ। ਇਹ ਉੱਤਮ ਹੈ। ਇਹ ਉੱਤਮ ਵਾਅਦਿਆਂ ਨਾਲ ਬੰਨ੍ਹਿਆ ਗਿਆ ਹੈ (ਇਬਰਾਨੀਆਂ 8:6)। ਨਾਲੇ ਇਸ ਨਾਲ ਉੱਤਮ ਸ਼ਰ੍ਹਾ ਦਾ ਦੇਣ ਵਾਲਾ (ਇਬਰਾਨੀਆਂ 3:3), ਵਿਚੋਲਾ (ਇਬਰਾਨੀਆਂ 12:24), ਆਸ (ਇਬਰਾਨੀਆਂ 7:19), ਯਾਜਕਾਈ (ਇਬਰਾਨੀ 7:21-24), ਕੁਰਬਾਨੀ (ਇਬਰਾਨੀਆਂ 9:23), ਦੌਲਤ (ਇਬਰਾਨੀਆਂ 10:34; 11:6) ਅਤੇ ਮੀਰਾਸ (1 ਪਤਰਸ 1:3, 4) ਦਿੱਤੇ ਗਏ ਹਨ।

## ਸਾਰ

ਖ਼ੁਦਾ ਨੇ ਵੱਖੋ-ਵੱਖ ਨੇਮਾਂ ਨਾਲ ਵੱਖੋ-ਵੱਖ ਲੋਕਾਂ ਨਾਲ ਵਿਹਾਰ ਕੀਤਾ ਹੈ। ਮੂਸਾ ਦੇ ਰਾਹੀਂ ਜੋ ਨੇਮ ਬੰਨ੍ਹਿਆ ਗਿਆ ਉਹ ਯਿਸੂ ਦੇ ਰਾਹੀਂ ਦਿੱਤੇ ਗਏ ਨੇਮ ਨਾਲੋਂ ਨਿਕੰਮਾ ਹੈ। ਮਸੀਹੀ ਯੁਗ ਵਿਚ, ਸਾਨੂੰ ਇਕ ਉੱਤਮ ਨੇਮ ਦਿੱਤਾ ਗਿਆ ਹੈ ਜੋ ਉੱਤਮ ਵਾਅਦੇ ਨਾਲ ਬੰਨ੍ਹਿਆ ਗਿਆ ਹੈ।

---

ਟਿੱਪਣੀਆਂ

[1]ਇਸ ਕਿਤਾਬ ਵਿਚ ਅੱਗੇ ''ਨਵਾਂ ਨੇਮ-ਪੂਰੀ ਮਾਫ਼ੀ'' ਪਾਠ ਵੇਖੋ।[2]ਦੇਖੋ ਮੱਤੀ 5:34; 6:1, 3, 7, 8, 16; 7:1, 6; 23:3, 8, 9. [3]ਵੇਖੋ ਰੋਮੀਆਂ 12:2, 3, 11, 14, 16, 19; 13:13; 15:1; ਅਫ਼ਸੀਆਂ 5:7, 18; 6:4, 6; ਕੁਲੁੱਸੀਆਂ 3:2, 9, 19, 21, 22.